www.a2zpapers.com

Exam. Code : 103206
Subject Code : 1195

# B.A./B.Sc. 6th Semester

# PUNJABI COMPULSORY

Time Allowed—Three Hours] [Maximum Marks—50

1. 'ਓਮਨਾ' ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

ਜਾਂ

'ਘੋਟਣਾ' ਕਹਾਣੀ ਦਾ ਵਿਸ਼ਾ-ਵਸਤੂ ਲਿਖੋ। 10

2. 'ਆਓ ਗੱਲਾਂ ਕਰੀਏ' ਨਿਬੰਧ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

ਜਾਂ

'ਖੁਸ਼ਾਮਦੀ ਨਾਲ' ਨਿਬੰਧ ਦਾ ਵਿਸ਼ਾ-ਵਸਤੂ ਲਿਖੋ। 10

3. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਤੇ ਲੇਖ ਰਚਨਾ ਕਰੋ : 5

(ੳ) ਪੰਜਾਬ ਦੇ ਮੇਲੇ

(ਅ) ਉਚੇਰੀ ਸਿੱਖਿਆ ਦੀ ਲੋੜ

(ੲ) ਦੀਵਾਲੀ।

4. ਹੇਠ ਲਿਖੇ ਪੈਰ੍ਹੇ ਦੀ ਸੰਖੇਪ ਰਚਨਾ ਕਰੋ : 5

ਵਿਸ਼ਵ ਦੇ ਵਿਜੇਈ ਕਠੋਰ-ਚਿਤ, ਹੈਂਕੜੀ ਤੇ ਜ਼ਾਲਮ, ਜਾਬਰ ਕਰਕੇ ਮੰਨੇ ਜਾਂਦੇ ਹਨ। ਵਿਸ਼ਵ ਇਤਿਹਾਸ ਵਿੱਚ ਵਿਜਈ ਸਮਰਾਟਾਂ ਉੱਤੇ ਇਹ ਵਿਸ਼ੇਸ਼ਣ ਆਮ ਕਰਕੇ ਢੁਕਦਾ ਹੈ ਪਰ ਰਣਜੀਤ ਸਿੰਘ ਨੂੰ ਇਸ ਸ਼੍ਰੇਣੀ ਤੋਂ ਅਡਰਾ ਹੋਣ ਦਾ ਮਾਨ ਪ੍ਰਾਪਤ ਹੈ। ਪੰਜਾਬ ਦਾ ਇਤਿਹਾਸ ਦਸਦਾ ਹੈ ਕਿ 1799 ਈਸਵੀ ਤੋਂ ਲੈ ਕੇ 1839 ਈਸਵੀ ਤਕ ਰਣਜੀਤ ਸਿੰਘ ਦੀਆਂ ਫਤਹਿਯਾਬੀਆਂ ਦੀ ਪਉੜੀ ਬਣ ਜਾਂਦੀ ਹੈ। ਕਮਾਲ ਇਹ ਹੈ ਕਿ ਉਸ ਨੇ ਸਿੱਖ ਮਿਸਲਦਾਰਾਂ, ਰਾਜਪੂਤ



www.a2zpapers.com

www.a2zpapers.com

ਰਾਜਿਆਂ, ਪਠਾਣ ਹਾਕਮਾਂ ਤੇ ਅਫ਼ਗਾਨ ਬਾਦਸ਼ਾਹਾਂ ਨੂੰ ਇੱਕ ਇੱਕ ਕਰਕੇ ਜਿਤਿਆ ਪਰ ਕਿਸੇ ਦੇ ਖ਼ੂਨ ਨਾਲ ਹੱਥ ਨਹੀਂ ਰੰਗੇ ਸਗੋਂ ਪੰਜਾਬ ਵਾਸੀਆਂ ਦੇ ਵਿਸ਼ਾਲ ਹਿਰਦੇ ਦੇ ਨਿੱਘ ਨਾਲ ਆਪਣੀ ਸੁਹਿਰਦਤਾ ਦਾ ਪ੍ਰਗਟਾਵਾ ਕੀਤਾ। ਕਾਬਲ ਤੇ ਦਿੱਲੀ ਦੇ ਬਾਦਸ਼ਾਹ, ਜੋ ਤਖਤਾਂ ਤਾਜਾਂ ਦੇ ਮਾਲਕ ਬਣਦੇ ਰਹੇ, ਉਹ ਦੂਜੇ ਨਜਦੀਕੀ ਰਿਸ਼ਤੇਦਾਰਾਂ ਦਾਅਵੇਦਾਰਾਂ ਦੇ ਖ਼ੂਨ ਨਾਲ ਖੇਡਦੇ ਰਹੇ, ਸਗੋਂ ਉਨ੍ਹਾਂ ਦੇ ਵਾਰਸਾਂ ਨੂੰ ਗਲੀਆਂ ਬਾਜ਼ਾਰਾਂ ਵਿੱਚ ਭੀਖ ਮੰਗਿਆਂ ਦੀ ਹਾਲਤ ਵਿੱਚ ਦਰ ਦਰ ਰੁਲਦੇ ਛਡਦੇ ਰਹੇ ਪਰ ਲਾਹੌਰ ਦੇ ਇਸ ਆਦਰਸ਼ਕ ਪੰਜਾਬੀ ਸ਼ਾਸਕ ਨੇ ਜਿਨ੍ਹਾਂ ਨੂੰ ਮੈਦਾਨੇ ਜੰਗ ਵਿੱਚ ਪਛਾੜਿਆ, ਉਨ੍ਹਾਂ ਨਾਲ ਕਦਾਚਿਤ ਦੁਰਵਿਵਹਾਰ ਨਹੀਂ ਕੀਤਾ ਸਗੋਂ ਉਨ੍ਹਾਂ ਦੀ ਆਲ ਔਲਾਦ ਨੂੰ ਜਾਗੀਰਾਂ ਨਾਲ ਤੇ ਖਿਲਅਤਾਂ ਨਾਲ ਨਿਵਾਜਦਾ ਰਿਹਾ। ਇਹ ਸੁਹਿਰਦਤਾ ਪੰਜਾਬੀ ਵਿਸਿਆਮਤਾ ਦਾ ਅਨਿਖੜਵਾਂ ਅੰਗ ਹੈ ਅਤੇ ਰਣਜੀਤ ਸਿੰਘ ਇਸ ਸੁਹਿਰਦਤਾ ਦੀ ਤਸਵੀਰ ਸੀ।

5. ਕਿਰਿਆ ਵਾਕੰਸ਼ ਨੂੰ ਪਰਿਭਾਸ਼ਤ ਕਰਦੇ ਹੋਏ ਇਸਦੀਆਂ ਕਿਸਮਾਂ ਦੱਸੋ।

ਜਾਂ

ਪੰਜਾਬੀ ਕਾਰਕ ਪ੍ਰਬੰਧ ਤੇ ਨੋਟ ਲਿਖੋ। 10

6. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :

(ੳ) ਗੱਦ ਪ੍ਰਵਾਹ ਪੁਸਤਕ ਦੇ ਸੰਪਾਦਕ ਕੌਣ ਹਨ ?

(ਅ) ਲੇਖਕ ਅਨੁਸਾਰ ਸੱਚ ਕੌੜਾ ਕਿਉਂ ਹੁੰਦਾ ਹੈ ?

(ੲ) 'ਭੁੱਖੜ' ਦੀਆਂ ਕੋਈ ਦੋ ਵਿਸ਼ੇਸ਼ਤਾਵਾਂ ਲਿਖੋ।

(ਸ) 'ਗੁਲਬਾਨੋ' ਕਹਾਣੀ ਦੀ ਮੁੱਖ ਸਮੱਸਿਆ ਕੀ ਹੈ ?

(ਹ) 'ਸਾਂਝ' ਕਹਾਣੀ ਵਿੱਚ ਕਿਸ ਸਾਂਝ ਦੀ ਗੱਲ ਕੀਤੀ ਗਈ ਹੈ ?

5×2=10



www.a2zpapers.com